This Question Paper consists of 14 questions and 8 printed pages.

ਇਸ ਪ੍ਰਸ਼ਨ-ਪੱਤਰ ਵਿੱਚ 14 ਪ੍ਰਸ਼ਨ ਅਤੇ 8 ਮੁਦਰਿਤ ਪੰਨੇ ਹਨ ।

Roll No. ਰੋਲ ਨੰ: ਅੰਕਾਂ ਵਿਚ		**Code No. 54/S/A/P** ਕੋਡ ਨੰ. **Set - A**

PUNJABI

(ਪੰਜਾਬੀ)

(210)

Day and Date of Examination

ਪਰਿਖਿਆ ਦਾ ਦਿਨ ਅਤੇ ਮਿਤੀ ____________

Signature of Invivilators

ਨਿਰੀਖਕਾਂ ਦੇ ਦਸਖ਼ਤ **1.** ____________

2. ____________

ਆਮ ਨਿਰਦੇਸ਼ :-

1 ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।

2 ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹਨ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ ।

3 ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ ।

4 ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿੱਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ ।

5 ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

6 ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ **54/S/A/P-A** ਜ਼ਰੂਰ ਲਿਖੋ ।

PUNJABI

(ਪੰਜਾਬੀ)

(210)

Time : **3** Hours] [Maximum Marks : **100**

ਸਮਾਂ : **3** ਘੰਟੇ] [ਕੁੱਲ ਅੰਕ : **100**

ਨੋਟ :- (1) ਸਾਰੇ ਪ੍ਰਸ਼ਨਾਂ ਦੇ ਉੱਤਰ ਜਰੂਰੀ ਹਨ ।

(2) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਤੇ ਉਹਨਾਂ ਦੇ ਉੱਤਰ ਲਿਖੋ ।

---

1 ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 2×4=8

"ਈਦਾ ਵੀ ਅਜੀਬ ਸੈ ਹੈ ਪਹਿਲਾਂ ਬੇਲੋੜਾ ਖਾਕੇ ਮੋਟਾ ਹੋ ਜਾਂਦਾ ਹੈ ਅਤੇ ਫਿਰ ਮੋਟਾਪੇ ਨੂੰ ਘਟਾਉਣ ਲਈ ਡਾਇਟਿੰਗ ਸ਼ੁਰੂ ਕਰ ਦਿੰਦਾ ਹੈ । ਖਾਸ ਕਰਕੇ ਕੁੜੀਆਂ, ਔਰਤਾਂ ਬਿੱਚ ਡਾਇਟਿੰਗ ਕਰਨ ਦਾ ਰੁਝਾਨ ਕੁੱਝ ਜ਼ਿਆਦਾ ਹੀ ਵੱਧ ਰਿਹਾ ਹੈ । ਇਹ ਗੱਲ ਸਾਨੂੰ ਲੱਕ ਬੰਨ੍ਹ ਲੈਣੀ ਚਾਹੀਦੀ ਹੈ ਕਿ ਮੋਟਾਪਾ ਸਿਹਤ ਲਈ ਨੁਕਸਾਨ ਦੇਹ ਹੈ ਅਤੇ ਉਸੇ ਤਰ੍ਹਾਂ ਡਾਇਟਿੰਗ ਕਰਨਾ, ਵਰਤ ਰੱਖਣ ਨਾਲ ਸ਼ਰੀਰ ਨੂੰ ਫਾਇਦਾ ਹੋਣ ਦੀ ਬਜਾਏ, ਨੁਕਸਾਨ ਹੀ ਹੁੰਦਾ ਹੈ, ਕਿਉਂਕਿ ਅਕਸਰ ਅਸੀਂ ਸਹੀ ਤਰੀਕੇ ਨਾਲ ਡਾਇਟਿੰਗ ਨਹੀਂ ਕਰਦੇ । ਆਮ ਤੌਰਤੇ ਹਫ਼ਤੇ ਵਿੱਚ ਇੱਕ ਦਿਨ ਵਰਤ ਰੱਖਣ ਜਾਂ ਭੁੱਖੇ ਰਹਿਣ ਦਾ ਰਿਵਾਜ ਹੈ । ਭਾਵੇਂ ਸਿਹਤ ਪੱਖੋਂ ਸਮਝ ਲਵੋਂ ਜਾਂ ਧਾਰਮਿਕ ਆਸਥਾ ਪੱਖੋਂ ਪਰ ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਉਸ ਦਿਨ ਅਸੀਂ ਕਰਦੇ ਕੀ ਹਾਂ, ਅਨਾਜ ਕੋਈ ਨਹੀਂ ਖਾਂਦੇ, ਸਾਧੀ ਰੋਟੀ ਦੀ ਬਜਾਏ ਆਲੂ ਦੀ ਟਿੱਕੀ ਵਗੈਰਾ ਖੂਬ ਘਿਉ ਵਿੱਚ ਤਲਕੇ ਖਾਂਦੇ ਹਾਂ ਜਾਂ ਫ਼ਿਰ ਇੱਕ ਢੰਗ ਦੀ ਰੋਟੀ ਨਹੀਂ ਖਾਂਦੇ, ਪਰ ਦੁਪਹਿਰ ਨੂੰ ਪਹਿਲਾਂ ਨਾਲੋ ਵੀ ਵੱਧ ਖਾ ਲੈਂਦੇ ਹਾਂ, ਫ਼ਿਰ ਭਲਾ ਇਹੋ ਜਿਹੇ ਵਰਤ ਦਾ ਜਾਂ ਡਾਇਟਿੰਗ ਦਾ ਕੀ ਫ਼ਾਇਦਾ ।"

ਪ੍ਰਸ਼ਨ :

(i) ਲੇਖਕ ਦਾ ਇਸ ਗੱਲ ਤੋਂ ਕੀ ਭਾਵ ਹੈ ਕਿ 'ਈਦਾ ਵੀ ਅਜ਼ੀਬ ਸ਼ੈ' ਹੈ ?

(ii) ਮੋਟਾਪਾ ਸਿਹਤ ਲਈ ਹਾਨੀਕਾਰਕ ਕਿਉਂ ਹੈ ?

(iii) ਵਰਤ ਰੱਖਣ ਦਾ ਲਾਭ ਕਿਉ ਨਹੀਂ ਹੁੰਦਾ ?

(iv) ਡਾਇਟਿੰਗ ਕੀ ਹੈ ?

2 ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : 1×15=15

(i) ਗੁਰਮੁਖੀ ਲਿੱਪੀ ਦੇ ਉਹ ਦੋ ਕਿਹੜੇ ਅੱਖਰ ਹਨ, ਜਿਹੜੇ ਬਿਨਾਂ ਮਾਤਰਾ ਤੋਂ ਨਹੀਂ ਲਿਖੇ ਜਾ ਸਕਦੇ ?

(A) ਸ਼ਹ (B) ਟਠ

(C) ੳੲ (D) ਤਥ

(ii) ਗੁਰਮੁਖੀ ਲਿੱਪੀ ਕਿੰਨੇ ਲਗਾਖਰ ਹਨ :

(A) ਚਾਰ (B) ਪੰਜ

(C) ਤਿੰਨ (D) ਦੋ

(iii) ਗੁਰਮੁਖੀ ਲਿੱਪੀ ਵਿੱਚ ਕਿੰਨੇ (ਪੈਰ ਵਿੱਚ ਪਾਏ ਜਾਣ ਵਾਲੇ) ਅੱਖਰ ਹਨ ?

(A) ਦੋ (B) ਚਾਰ

(C) ਪੰਜ (D) ਤਿੰਨ

(iv) ਪੰਜਾਬੀ ਵਿੱਚ ਨਾਂ, ਸਿਹਾਰੀ ਅਤੇ ਬਿਹਾਰੀ ਮਾਤਰਾਵਾਂ ਕਿਹੜੇ ਸਵਰ ਅੱਖਰ ਨਾਲ ਲਾਈਆਂ ਜਾਂਦੀਆ ਹਨ :

(A) ਅ (B) ੲ

(C) ੳ (D) ਕੋਈ ਨਹੀਂ

(v) ਵਿਸ਼ੇਸ਼ਣ ਸ਼ਬਦ ਕਿਸ ਨਾਲ ਆਉਂਦਾ ਹੈ :

(A) ਸੰਬੰਧਕ ਨਾਲ (B) ਯੋਜਕ ਨਾਲ

(C) ਨਾਂਵ ਨਾਲ (D) ਕਿਸੇ ਨਾਲ ਨਹੀਂ

(vi) ਉਸਤੱਤ ਦਾ ਵਿਰੋਧੀ ਸ਼ਬਦ ਹੈ :

(A) ਵਿਸਾਹ (B) ਸਬਰ

(C) ਨਿੰਦਿਆ (D) ਤਸੱਲੀ

(vii) ਹੇਠ ਲਿਖਿਆਂ ਵਿੱਚੋਂ ਕਿਹੜਾ ਲਗਾਖਰ ਨਹੀਂ ਹੈ :

(A) ਅਧਕ (B) ਦੁਲੈਂਕੜੇ

(C) ਬਿੰਦੀ (D) ਟਿੱਪੀ

(viii) ਅਗੇਤਰ ਕਿਸ ਨੂੰ ਕਹਿੰਦੇ ਹਨ ? ਸਹੀ ਵਿਕਲਪ ਚੁਣਕੇ ਲਿਖੋਂ :

(A) ਜਿਹੜੇ ਸ਼ਬਦਾਂ ਦੇ ਵਿਚਕਾਰ ਲਗਦੇ ਹਨ ।

(B) ਜਿਹੜੇ ਸ਼ਬਦ ਦੇ ਪਿੱਛੇ ਲਗਦੇ ਹਨ ।

(C) ਜਿਹੜੇ ਸ਼ਬਦ ਦੇ ਅੱਗੇ ਜੁੜਦੇ ਹਨ ।

(D) ਜਿਹੜੇ ਸ਼ਬਦਾਂ ਦਾ ਵਿਆਕਰਨਿਕ ਰੂਪ ਬਦਲਦੇ ਹਨ ।

(ix) 'ਸਰਲ' ਦਾ ਸਮਾਨਾਰਥਕ ਸ਼ਬਦ ਨਹੀਂ ਹੈ :

(A) ਆਸਾਨ (B) ਸੁਖਾਲਾ

(C) ਸਾਦਗੀ (D) ਸੌਖਾ

(x) ਸ਼ੁਧ ਸ਼ਬਦ ਚੁਣੋ :

(A) ਮਣਦਰ (B) ਮਨਦਰ

(C) ਮੰਦਰ (D) ਮੰਦਰ

(xi) 'ਮਾਮੀ' ਦਾ ਬਹੁਵਚਨ ਮਾਮੀਆਂ ਬਣਦਾ ਹੈ ਪਰ ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ 'ਆਂ' ਨਾਲ ਬਹੁਵਚਨ ਨਹੀਂ ਬਣਦਾ :

(A) ਹਾਥੀ (B) ਖਾਣਾ

(C) ਧੀ (D) ਪਾਣੀ

(xii) ਹੇਠ ਲਿਖੇ ਸ਼ਬਦਾਂ ਵਿੱਚ ਕਿਹੜਾ ਸ਼ਬਦ ਇਸਤਰੀ ਲਿੰਗ ਹੈ :

(A) ਤੀਰ (B) ਹਥੌੜਾ

(C) ਖੰਡਾ (D) ਤਲਵਾਰ

(xiii) ਇਸ਼ਾਨ ਜਾਂਦਾ ਹੈ, ਵਿੱਚ ਜਾਂਦਾ ਹੈ ਕਿਹੜੀ ਕਿਰਿਆ ਹੈ :

(A) ਸਕਰਮਕ ਕਿਰਿਆ (B) ਸਹਾਇਕ ਕਿਰਿਆ

(C) ਅਕਰਮਕ ਕਿਰਿਆ (D) ਕੋਈ ਕਿਰਿਆ ਨਹੀਂ

(xiv) ਪੜਨਾਂਵ ਕਿਸ ਨੂੰ ਕਹਿੰਦੇ ਹਨ ਸਹੀ ਵਿਕਲਪ ਚੁਣੋ :

(A) ਜੋ ਸ਼ਬਦ ਦੋ ਜਾਂ ਦੋ ਤੋਂ ਵੱਧ ਅਖਰਾਂ ਦੇ ਮਿਲਣ ਤੋਂ ਬਣਦੇ ਹਨ ।

(B) ਜੋ ਸ਼ਬਦ ਕਿਸੇ ਮਨੁੱਖ ਦੇ ਗੁਣ ਦੱਸਦੇ ਹਨ ।

(C) ਜੋ ਸ਼ਬਦ ਕਿਸੇ ਪ੍ਰਾਣੀ ਦੀ ਜਾਂ ਵਸਤੂ ਦੀ ਗਿਣਤੀ ਦੱਸਦੇ ਹਨ ।

(D) ਜਿਨ੍ਹਾਂ ਸ਼ਬਦਾਂ ਦੀ ਵਰਤੋਂ ਨਾਂਵ ਦੀ ਥਾਂ ਤੇ ਹੋਵੇ ।

(xv) ਲਕੀਰੇ ਸ਼ਬਦ ਦਾ ਸਹੀ ਵਿਕਲਪ ਚੁਣੋ :

ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਰੱਖਿਆ ਲਈ ਕੁਰਬਾਨੀ ਦਿੱਤੀ ।

(A) ਆਮ ਨਾਂਵ (B) ਖਾਸ ਨਾਂਵ

(C) ਵਸਤੂਵਾਚਕ ਨਾਂਵ (D) ਭਾਵਵਾਚਕ ਨਾਂਵ

3 ਹੇਠ ਲਿਖੇ ਅਖਾਣਾਂ ਅਤੇ ਮੁਹਾਵਰਿਆਂ ਨੂੰ ਪੂਰਾ ਕਰੋ : 1×5=5

(i) ਨੱਕ ਦੀ ਸੇਧ ....

(ii) ਉੱਚੀ ਨੀਵੀਂ ....

(iii) ਆਪਣੀ ਪੀੜ੍ਹੀ ਹੇਠ ....

(iv) ਹੱਕ ਪਰਾਇਆ ਨਾਨਕਾ ਉਸੁ ....

(v) ਕਾਗਜ਼ਾਂ ਦੇ ਘੋੜੇ ਕਦੌਂ ....

4 ਹੇਠ ਲਿਖੇ ਬਹੁ ਅਰਥਕ ਸ਼ਬਦਾਂ ਤੋਂ ਘੱਟੋ-ਘੱਟ ਅਜਿਹੇ ਦੋ ਵਾਕ ਬਣਾਉਂ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋ ਜਾਣ : 2

ਕਲੀ, ਕਾਲ ।

5 ਹੇਠ ਲਿਖੀ ਵਾਰਤਾ ਨੂੰ ਵਿਸ਼ਰਾਮ ਚਿੰਨ੍ਹ ਲਗਾਉ : 3

ਧਾਰਮਿਕ ਪੱਖੋਂ ਅਗਵਾਈ ਕਰਨ ਵਾਲੇ ਪ੍ਰਚਾਰਕਾਂ ਦਾ ਸਾਰਾ ਜੋਰ ਮਨੁੱਖ ਦੀ ਸ਼ਖਸ਼ੀਅਤ ਦੇ ਵਿਕਾਸ ਦੀ ਬਜਾਏ ਬਾਹਰੀ ਵੇਸ਼ ਤੇ ਲੱਗਿਆ ਹੋਇਆ ਹੈ ਜਿੱਥੇ ਕਹਿਣੀ ਅਤੇ ਕਰਨੀ ਦਾ ਫ਼ਰਕ ਹੋਵੇ । ਉੱਥੇ ਵੱਡੇ ਤੋਂ ਵੱਡੇ ਮਹਾਤਮਾਵਾਂ ਦੀਆਂ ਗੱਲਾਂ ਬੇ-ਅਰਥ ਹੋ ਜਾਂਦੀਆਂ ਹਨ ।

6 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲੱਗਭਗ 250 ਸ਼ਬਦਾਂ ਦਾ ਭਾਵ ਪੂਰਤ ਲੇਖ ਲਿਖੋ : 10

(i) ਪੁਸਤਕਾਂ ਦੀ ਦੁਨੀਆਂ ।

(ii) ਹੱਕ ਪਰਾਇਆ ਨਾਨਕਾ ।

(iii) ਪ੍ਰਦੂਸ਼ਣ ਦੀ ਸਮੱਸਿਆ ।

(iv) ਨਸ਼ਾ ਨਾਸ਼ ਕਰਦਾ ਹੈ ।

7 ਪੋਸਟ ਮਾਸਟਰ ਨੂੰ ਇੱਕ ਪੱਤਰ ਦੁਆਰਾ ਆਪਣੇ ਇਲਾਕੇ ਦੇ ਡਾਕੀਏ ਦੀ ਇਸ ਗੱਲ ਲਈ ਪ੍ਰਸੰਸਾ ਕਰੋ ਕਿ ਉਹ ਡਾਕ ਵੰਡਣ ਦਾ ਕੰਮ ਬਹੁਤ ਈਮਾਨਦਾਰੀ ਨਾਲ ਕਰਦਾ ਹੈ । 7

ਜਾਂ

ਨਗਰਨਿਗਮ ਦੇ ਮੁੱਖ ਸਿਹਤ ਅਧਿਕਾਰੀ ਨੂੰ ਬਰਸਾਤਾਂ ਕਾਰਨ ਫੈਲੀ ਗੰਦਗੀ ਨੂੰ ਛੇਤੀ ਤੋਂ ਛੇਤੀ ਦੂਰ ਕਰਨ ਲਈ ਬੇਨਤੀ ਕਰੋ ਤਾਂ ਜੋ ਬੀਮਾਰੀ ਫੈਲਣ ਤੋਂ ਬਚ ਸਕੇ ।

8 'ਸਿੰਮਲੁ ਰੁਖੁ ਸਰਾਇਰਾ ਅਤਿ ਦੀਰਘ ਅਤਿਮੁਚੁ । 5
ਓਇ ਕਿ ਆਵਹਿ ਆਸ ਕਰ ਜਾਹਿ ਨਿਰਾਸੇ ਕਿਤੁ ।
ਫਲ ਫਿੱਕੇ ਫੁੱਲ ਬਕਬਕੇ ਕੰਮਿ ਨਾ ਆਵਹਿ ਪਤ ।
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤੱਤੁ ।'

ਗੁਰੂ ਨਾਨਕ ਦੇਵ ਜੀ ਇਨ੍ਹਾਂ ਪੰਗਤੀਆਂ ਦੁਆਰਾ ਮਨੁੱਖੀ ਜੀਵਨ ਲਈ ਕੀ ਸੰਦੇਸ਼ ਦੇ ਰਹੇ ਹਨ ? ਉੱਤਰ 100-125 ਸ਼ਬਦਾਂ ਵਿੱਚ ਲਿਖੋ ।

ਜਾਂ

'ਹਿੰਦੂ, ਮੋਮਨ ਸਿੱਖ ਈਸਾਈ,
ਸਾਰੇ ਜਾਪਣ ਭਾਈ ਭਾਈ
ਦਸਤਕਾਰ, ਕਿਰਤੀ ਕਿਰਸਾਣ
ਸਾਂਝੀ ਰੋਟੀ ਵੰਡ ਕੇ ਖਾਣ
ਭੁੱਖ ਨੰਗ, ਚਿੰਤਾ ਬੇਕਾਰੀ
ਹੱਟ ਜਾਏ ਧੜਕੇ ਦੀ ਬੀਮਾਰੀ
ਘੁਲਮਿਲ ਜਾਵਣ ਧਰਮ ਈਮਾਨ
ਸੱਚ-ਮੁੱਚ ਦਾ 'ਇਨਸਾਨਸਤਾਨ' ।'

ਨਾ ਧਨੀਰਾਮ ਚਾਤ੍ਰਿਕ ਉਪਰੋਕਤ ਪੰਗਤੀਆਂ ਵਿਚੋਂ ਕਿਸ ਪ੍ਰਕਾਰ ਦਾ ਧਾਰਮਿਕ ਮਹੌਲ ਚਾਹੁੰਦਾ ਹੈ । ਉੱਤਰ 100-125 ਸ਼ਬਦਾਂ ਵਿੱਚ ਲਿਖੋ ।

9 ਸ: ਸੰਤੋਖ ਸਿੰਘ ਧੀਰ ਦੀ ਕਹਾਣੀ 'ਮਲੰਗ' ਵਿੱਚ, ਸਵਾਰੀਆਂ ਪਹਿਲਾਂ ਦਾਂ ਮੁਕਾਬਲੇ ਨੂੰ ਹਾਰਨ ਹੀ ਸਮਝਦੀਆਂ ਰਹੀਆ ਫੇਰ ਗੰਭੀਰ ਹੋ ਗਈਆਂ, ਐਸਾ ਕਿਉਂ ਉੱਤਰ 100-125 ਸ਼ਬਦਾਂ ਵਿੱਚ ਲਿਖੋ । 5

10 'ਇਕਾਂਗੀ ਬੇਈਮਾਨ' ਵਿੱਚੋਂ ਕਿਸੇ ਇੱਕ ਮਨ-ਪਸੰਦ ਪਾਤਰ ਦੀ ਪਾਤਰ-ਉਸਾਰੀ 100-125 ਸ਼ਬਦਾਂ ਵਿੱਚ ਕਰੋ । 5

11 ਮਃ ਰਣਜੀਤ ਸਿੰਘ ਨੂੰ ਮਾਨਵਤਾਦਾ ਹਾਮੀ ਅਤੇ ਪੰਜਾਬ ਦਾ ਗੌਰਵ ਕਿਹਾ ਜਾਂਦਾ ਹੈ । ਇਸ ਦੀ ਪੁਸ਼ਟੀ ਲਈ ਉੱਤਰ 100-125 ਸ਼ਬਦਾਂ ਵਿੱਚ ਲਿਖੋ । 5

12 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ । ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ : 1×12=12

(i) ਗੁਰੂ ਨਾਨਕ ਦੇਵ ਜੀ ਅਨੁਸਾਰ ਮਾਨਵੀ ਗੁਣਾਂ ਤੇ ਚੰਗਿਆਈਆਂ ਦਾ ਨਿਚੋੜ ਕਿਸ ਵਿੱਚ ਹੈ ?

(ii) 'ਸਮਾਂ' ਕਵਿਤਾ ਵਿੱਚ ਕਵੀ ਦੇ ਹਾੜੇ ਕੱਢਣ ਦੇ ਬਾਵਜੂਦ ਸਮਾਂ ਕੀ ਕਰਦਾ ਹੈ ?

(iii) 'ਹੀਰ' ਮੋਏ ਤੇ ਵਿਛੜੇ ਲੋਕਾਂ ਦੇ ਸੰਬੰਧ ਵਿੱਚ ਕੀ ਆਖਦੀ ਹੈ ?

(iv) ਅਜੀਤ ਕੌਰ ਦੀ ਕਹਾਣੀ ਦਾ ਪਾਤਰ 'ਨੰਦੂ' ਕਿੰਨੇ ਸਾਲ ਦਾ ਸੀ ਜਦੋਂ ਉਹ ਨੌਕਰੀ ਲਈ ਦਿੱਲੀ ਭੱਜ ਆਇਆ ਸੀ ?

(v) ਕਈ ਵਾਰੀ ਬੱਸਾਂ, ਇੱਕ-ਦੂਜੇ ਤੋਂ ਅੱਗੇ ਸਵਾਰੀਆ ਲੈਣ ਲਈ ਵੀ ਦੌੜਦੀਆਂ ਹਨ, ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ?

(vi) ਡਿਪਾਰਟਮੈਂਟਲ ਸਟੋਰਾਂ ਵਿੱਚ ਕਿਹੜੇ ਕੋਡ ਰਾਹੀਂ ਕੰਪਿਊਟਰ ਦੀ ਵਰਤੋਂ ਕੀਤੀ ਜਾਂਦੀ ਹੈ ?

(vii) ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਧਾਰਮਿਕ ਜੀਵਨ ਦੀ ਨੀਂਹ ਕਿੱਥੋਂ ਸ਼ੁਰੂ ਹੁੰਦੀ ਹੈ ?

(viii) ਸਃ ਭਗਤ ਸਿੰਘ ਪੜ੍ਹਾਈ ਵਿੱਚ ਕਿਹੋ ਜਿਹਾ ਸੀ ?

(ix) ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਸਿੱਖ ਗੁਰੂਆਂ ਨੇ ਕਿਸ ਤਰ੍ਹਾਂ ਦੇ ਜੀਵਨ ਉੱਤੇ ਜੋਰ ਦਿੱਤਾ ?

(x) ਧਰਮ ਦੇ ਪ੍ਰਤੀ ਮਃ ਰਣਜੀਤ ਸਿੰਘ ਦਾ ਕੀ ਰਵੱਈਆਂ ਸੀ ?

(xi) ਪੁਲਿਸ ਇੰਸਪੈਕਟਰ ਮੋਟਰ ਵਾਲੇ ਦੇ ਵਾਰੰਟ ਲੈਕੇ ਕਿਉਂ ਆਉਂਦਾ ਹੈ ?

(xii) ਮੋਟਰ ਵਰਕਸ਼ਾਪ ਦਾ ਮੈਨੇਜਰ ਕੀ ਗਲਤ ਕੰਮ ਕਰਦਾ ਸੀ ?

13 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਲਿਖੋ : 6×2=12

(i) ਪ੍ਰੋ: ਮੋਹਨ ਸਿੰਘ 'ਖਨਗਾਹ' ਤੇ ਦੀਵਾ ਬਾਲਣ ਆਈ ਕੁੜੀ ਤੋਂ ਕਿਹੜੇ-ਕਿਹੜੇ ਸਵਾਲਾਂ ਦੇ ਜਵਾਬ ਪੁੱਛਣਾ ਚਾਹੁੰਦਾ ਹੈ ?

(ii) ਸ਼ਿਵਕੁਮਾਰ ਬਟਾਲਵੀ ਅੰਤ ਵਿੱਚ 'ਰੁੱਖਾਂ' ਨੂੰ ਕਿਸ ਨਾਲ ਤੁਲਣਾ ਦਿੰਦਾ ਹੈ ਤੇ ਉਨ੍ਹਾਂ ਤੋਂ ਕੀ ਖੈਰ ਮੰਗਦਾ ਹੈ ?

(iii) ਸ: ਸੁਜਾਨ ਸਿੰਘ ਕਹਾਣੀ 'ਸਵਰਗ ਦੀ ਝਲਕ' ਵਿੱਚ ਰਿਕਸ਼ਾ ਵਾਲੇ ਨੂੰ ਪੈਸਾ ਦਿੰਦਾ ਹੈ, ਪਰ ਉਹ ਕੀ ਕਹਿਕੇ ਲੈਣ ਤੋਂ ਮਨ੍ਹਾਂ ਕਰ ਦਿੰਦਾ ਹੈ ?

(iv) ਸਕੂਲਾਂ ਵਿੱਚ ਕੰਪਿਊਟਰ ਦੀਂ ਸਹਾਇਤਾ ਨਾਲ ਕੀ-ਕੀ ਕੀਤਾ ਜਾਂਦਾ ਹੈ ?

(v) 1928 ਈ: ਵਿੱਚ ਸਾਈਮਨ ਕਮਿਸ਼ਨ ਦੇ ਲਾਹੌਰ ਪੁੱਜਣ ਦੇ ਸਮੇਂ, ਉੱਥੇ ਉਸ ਦਾ ਵਿਰੋਧ ਕਰਨ ਵਾਲਿਆਂ ਵਿਚੋਂ ਸਭ ਤੋਂ ਪਹਿਲੀ ਕਤਾਰ ਵਿੱਚ ਕੌਣ ਵੱਡੇ ਲੋਕ ਸਨ ?

(vi) ਗੁਰੂ ਨਾਨਕ ਦੇਵ ਜੀ ਦੇ ਮਨ ਵਿੱਚ ਆਪਣੀ ਭੈਣ ਬੀਬੀ ਨਾਨਕੀ ਲਈ ਕੀ ਭਾਵਨਾ ਸੀ ?

14 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲੱਗਪਗ 50 ਸ਼ਬਦਾਂ ਵਿੱਚ ਲਿਖੋ : 2×3=6

(i) ਨਿਰਾ ਸ਼ਰੀਰ ਨਿਵਾਉਣ ਵਾਲੇ ਮਨੁੱਖ ਬਾਰੇ ਗੁਰੂ ਨਾਨਕ ਦੇਵ ਜੀ ਕੀ ਕਹਿੰਦੇ ਹਨ ?

(ii) ਕੰਡਕੱਟਰ ਜੀਤ ਦੀ ਕਿਹੜੀ ਗੱਲ ਸੁਣਕੇ ਡਾਕਟਰਨੀ ਪਾਲੀ ਦੀਆਂ ਅੱਖਾਂ ਮੋਹ-ਭਰੀਆਂ ਹੋ ਗਈਆਂ ?